**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ-5 ਸ਼ਾਖਾ)**
**ਅਧਿਸੂਚਨਾ**

**ਨੰ:** 19/77/18-1ਸਿ5/1435121/1 **ਮਿਤੀ: ਚੰਡੀਗੜ੍ਹ** 07.03.2019

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਸਕੂਲ ਸਿੱਖਿਆ ਵਿਭਾਗ ਦੁਆਰਾ 5178 ਅਧਿਆਪਕ ਵਰਗ ਦੀਆਂ ਸੇਵਾਵਾਂ ਜਿਨ੍ਹਾਂ ਦੀ ਨਿਯੁਕਤੀ ਠੇਕੇ ਦੇ ਅਧਾਰ ਤੇ ਹੋਈ ਸੀ, ਨੂੰ ਮੰਤਰੀ ਪ੍ਰੀਸ਼ਦ ਦੇ ਹੋਏ ਫੈਸਲੇ ਮਿਤੀ 28.08.2012, ਅਤੇ ਅਖਬਾਰ ਦੇ ਵਿੱਚ ਮਿਤੀ 09.09.12 ਨੂੰ ਇਸ਼ਤਿਹਾਰ ਦੇਣ ਉਪਰੰਤ ਭਰਤੀ ਕੀਤੀ ਗਈ ਸੀ, ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 06.03.2019 ਨੂੰ ਇਹ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਅਧਿਆਪਕਾਂ ਦੀ ਪੱਕੀ ਨਿਯੁਕਤੀ ਕੀਤੀ ਜਾਵੇਗੀ। ਇਨ੍ਹਾਂ ਅਧਿਆਪਕਾਂ ਦਾ ਪਰਖ ਕਾਲ ਸਮਾਂ ਠੇਕੇ ਦੀ ਮਿਆਦ ਖਤਮ ਹੋਣ ਦੀ ਮਿਤੀ ਤੋਂ 2 ਸਾਲ ਦਾ ਮੰਨਿਆ ਜਾਵੇਗਾ।

ੳ) ਉਪਰੋਕਤ ਅਧਿਆਪਕਾਂ ਦੀ ਭਰਤੀ ਸਾਲ 2014, 2015 ਅਤੇ 2016 ਵਿੱਚ ਠੇਕੇ ਦੇ ਅਧਾਰ ਤੇ ਕੀਤੀ ਗਈ ਸੀ, ਨੂੰ ਹੁਣ ਨਿਯੁਕਤੀ ਪੱਤਰ ਦੀ ਸ਼ਰਤ ਅਨੁਸਾਰ ਠੇਕੇ ਤੇ ਭਰਤੀ ਤਿੰਨ ਸਾਲ ਦੀ ਮਿਆਦ ਜਦੋ ਜਦੋ ਖਤਮ ਹੁੰਦੀ ਹੈ ਉਸ ਮਿਤੀ ਤੋ ਇਨ੍ਹਾਂ ਅਧਿਆਪਕਾਂ ਨੂੰ ਰੈਗੂਲਰ ਕੀਤਾ ਜਾਣਾ ਹੈ ਅਤੇ ਉਹ ਠੇਕੇ ਦੀ ਮਿਆਦ ਖਤਮ ਹੋਣ ਦੀ ਮਿਤੀ ਤੋਂ 2 ਸਾਲਾਂ ਲਈ ਪਰਖ ਕਾਲ ਸਮੇਂ ਤੇ ਰਹਿਣਗੇ।

ਅ) ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਪੱਕੀ ਨਿਯੁਕਤੀ ਤੱਕ ਰਹਿੰਦੇ ਪਰਖ ਕਾਲ ਸਮੇਂ ਦੌਰਾਨ ਉਨ੍ਹਾਂ ਨੂੰ ਆਪਣੇ ਕਾਡਰ ਵਿੱਚ ਬੇਸਿਕ ਪੇਅ ਅਤੇ ਗਰੇਡ ਪੇਅ ਮਿਲਣਯੋਗ ਹੋਵੇਗੀ।

ੲ) ਦੋ ਸਾਲ ਦਾ ਪਰਖ ਕਾਲ ਸਮਾਂ ਪੂਰਾ ਹੋਣ ਉਪਰੰਤ ਉਨ੍ਹਾਂ ਨੂੰ ਸਬੰਧਤ ਕਾਡਰ ਦੇ ਪੇਅ ਸਕੇਲ ਵਿੱਚ ਸਾਰੇ ਭੱਤੇ ਸਮੇਤ ਪੂਰੀ ਤਨਖ਼ਾਹ ਮਿਲਣਯੋਗ ਹੋਵਗੀ।

ਸ) ਪਰਖ ਕਾਲ ਸਮਾਂ ਪੂਰਾ ਹੋਣ ਉਪਰੰਤ ਸਬੰਧਤ ਡੀ.ਡੀ.ਓ. ਇਨ੍ਹਾਂ ਅਧਿਆਪਕਾਂ ਦੀਆਂ ਤਨਖਾਹਾਂ ਅਤੇ ਸਕੇਲ ਸਰਕਾਰੀ ਵਿਭਾਗੀ ਨਿਯਮਾਂ ਦੇ ਅਨੁਸਾਰ ਤੈਅ ਕਰਨਗੇ।

ਹ) ਇਨ੍ਹਾਂ ਅਧਿਆਪਕਾ ਦੀ ਸੀਨੀਆਰਤਾ ਰੈਗੂਲਰ ਹੋਣ ਦੀ ਮਿਤੀ ਤੋਂ ਤੈਅ ਕੀਤੀ ਜਾਵੇਗੀ।

2. **ਇਹ ਹੁਕਮ ਤੁਰੰਤ ਲਾਗੂ ਹੋਣਗੇ।**

ਮਿਤੀ, ਚੰਡੀਗੜ੍ਹ:
07.03.2019

**ਕ੍ਰਿਸ਼ਨ ਕੁਮਾਰ**
**ਸਕੱਤਰ ਸਕੂਲ ਸਿੱਖਿਆ ਵਿਭਾਗ**

ਪਿ.ਅੰ.ਪੱ.ਨੰ. ਨੰ: 19/77/18-1ਸਿ5/1435121/2 ਮਿਤੀ: ਚੰਡੀਗੜ੍ਹ 07.03.2019

ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਯੂ.ਟੀ. ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਸਧਾਰਨ ਗਜਟ ਵਿੱਚ ਛਪਾਉਣ ਉਪਰੰਤ ਇਸ ਦੀਆਂ 15 ਕਾਪੀਆਂ ਰਿਕਾਰਡ ਹਿੱਤ ਵਿਭਾਗ ਨੂੰ ਭੇਜੀਆਂ ਜਾਣ।

**ਸੁਪਰਡੰਟ**
ਉਕਾਠ

ਪਿ.ਅੰ.ਪੱ.ਨੰ. ਨੰ: 19/77/18-1ਸਿ5/1435121/3 ਮਿਤੀ: ਚੰਡੀਗੜ੍ਹ 07.03.2019

ਉਤਾਰਾ ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਨ੍ਹਾਂ ਦੇ ਅੰ:ਵਿ:ਪੱ:ਨੰ: 1/51/2019-1ਕੈਬਨਿਟ/1877, ਮਿਤੀ 06.03.2019 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਸੁਪਰਡੰਟ**
ਉਕਾਠ

ਪਿ.ਅੰ.ਪੱ.ਨੰ. ਨੰ: 19/77/18-1ਸਿ5/1435121/4 ਮਿਤੀ: ਚੰਡੀਗੜ੍ਹ 07.03.2019

ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ ਫੇਜ਼-8 ਮੋਹਾਲੀ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜ਼ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਸੁਪਰਡੰਟ**
ਉਕਾਠ